# KHALSA PRIMARY SCHOOL

Headteacher: Ms P. K. Sehmi

Volume 6 Issue 6


## Week beginning: 13 October 2014

### After School Clubs

| Club | Year group | Day | Spaces | Duration | Time | Cost |
|---|---|---|---|---|---|---|
| Kirtan | 1, 2, 3, 4 & 5 | Tuesday | 4 | 30 weeks | 3.30 - 4.15pm | **£105** (£3.50/session) |
| Tabla | 1, 2, 3, 4 & 5 | Wednesday | 2 | 30 weeks | 3.30-4.15pm | **£105** (£3.50/session) |
| Dhol | 2, 3, 4 & 5 | Thursday | 1 | 30 weeks | 3.30-4.15pm | **£105** (£3.50/session) |
| Sports | 2, 3, 4 & 5 | Monday - Yr 5<br>Wednesday - Yr 2<br>Friday - Yr 4 | 7<br>2<br>13 | 30 weeks | 3.30-4.15pm | **£150/ year** (£5/session) ***3 instalments option: £50,£50,£50*** |

Clubs will start **after Half Term (week beginning Monday 3rd November).** Please see details of clubs that will be running this academic year. Please note that all clubs will run throughout the whole year and will **end week ending 10th July 2015**. This totals to 30 weeks. To register your child for a club please see Mrs A Kaur in the school office by **Friday 24th October. Club spaces are allocated on a first come serve basis and your child will only be secured a place if payment is given when putting your child's name down. No place will be allocated without payment.**

### Nursery & Reception Admissions 2015/16

Parents who wish to apply for Nursery and Reception 2015/16 are now able to apply. All Nursery parents will need to re-apply. **Please note that a current Nursery place does not guarantee a place in Reception**. On **Tuesday 14th October** there is an **Open Morning at 9am to 10am**. The meeting will provide useful information for all parents, as you will receive guidance on how to apply for a Reception place for your child. The deadline for both admission groups is **Thursday 15th January**. Please make sure your applications are in on time to avoid disappointment. Please see Mrs A Kaur in the school office for more information.

### Children bed time & breakfast

Some children are coming to school tired and unwell stomach & head pains. We would like to remind parents to ensure that your child goes to bed early and has a good night's sleep. It is just as important for children to have breakfast in the morning before they come to school, so they can concentrate on learning.

### KS2 (Yr 3 - 5) Speech & Language parent workshop

On **Friday 17th October at 8.45am to 10am** there will be a parent workshop about Speech & Language in the small hall. Claire Minton, the school's speech and language therapist will be in to talk to parents about concerns they may have about their child's speech and language development. Please take this opportunity to collect information on how you can assist your child's development.

### School Office & Gate timings

Please note the school gate timings:

**Morning - 8.20am - 8.40am**

**Afternoon - 3.10pm - 3.40pm**

Please wait outside in the courtyard. Parents/carers/children should not come into the office area to wait for the start of school. At 8.35am your child's class doors will be opened. The office will be open from 8.30am for parents see office staff.

### ATTENDANCE

Well done to **Guru Arjan Dev Ji's Class** for achieving best attendance for week ending **10/10/2014**.



### Thought of the week

**"Peace and happiness shall fill your mind deep within, if you act according to truth and self discipline."**

***- Guru Gobind Singh Ji***

### Dates for your diary




| Date | Event |
|---|---|
| **W/b 13th October** | **Black History Week** |
| **Tuesday 14th October** | **"Open Morning" @ 9–10am for Nursery & Reception NEW admissions 2015/16** |
| **Friday 17th October** | **Yr 3 – Guru Ram Das Ji – Mrs Bhagrath's Class Assembly** |
| **Friday 17th October** | **Reception trip to Havelock Gurdwara** |
| Thursday 23rd October | 'Drop in session' with School Nurse |
| Thursday 23rd October | Yr 2 trip - Southbank |
| Thursday 23rd October | Bandi Chhor Divas |
| Friday 24th October | Bandi Chhor Divas celebrations |
| Friday 24th October 2014 | Yr 3 – Guru Amar Das Ji – Mrs Lagah's Class Assembly |
| Sunday 26th October | Nagar Kirtan |
| Monday 27th October - Friday 31st October | Half Term |

### GOLDEN RULES

This week's Golden Rule is **'Caring & Sharing'.**

Children who were awarded for **Working Hard** for week ending **10/10/2014:**

**Year 5:**
Guru Har Krishan Sahib Ji - Maninder
Guru Har Rai Sahib Ji - Manraj



**Year 4:**
Guru Hargobind Sahib Ji - Jasman
Guru Arjan Dev Ji - Anshpreet



**Year 3:**
Guru Ram Das Ji - Simranjeet
Guru Amar Das Ji – Imaan



**Year 2:**
Guru Nanak Dev Ji - Kavneet
Guru Angad Dev Ji - Apuravanshu

**Year 1:**
Sahibzada Ajit Singh Ji - Priyapreet
Sahibzada Jujhar Singh Ji - Banveer

**Reception:**
Sahibzada Zorawar Singh Ji - Simran
Sahibzada Fateh Singh Ji - Manveer


Khalsa Primary School - Norwood Green Road, Southall, Middlesex, UB2 4LA.

**Phone:** 020 8574 9045; **Fax:** 020 8574 0108; **E-mail:** info@khalsa.ealing.sch.uk; **Website:** www.khalsaschool.co.uk

# ਖ਼ਾਲਸਾ ਪ੍ਰਾਇਮਰੀ ਸਕੂਲ

**ਮੁਖ ਅਧਿਆਪਿਕਾ: ਮਿਸ ਪ. ਕ. ਸਹਿਮੀ**

ਵਾਲਿਓਮ ੬,
ਇਸ਼ੂ ੬

## ਹਫ਼ਤੇ ਦਾ ਅਰੰਭ: ੧੩ ਅਕਤੂਬਰ ੨੦੧੪

### ਵਿਸ਼ੇਸ਼ ਸਿਖਿਆ ਕਿਰਿਆਵਾਂ ਦੇ ਕਲੱਬ

| ਕਲੱਬ | ਜਮਾਤ ਸਮੂਹ | ਦਿਨ | ਥਾਵਾਂ | ਮਿਆਦ | ਸਮਾਂ | ਕੀਮਤ |
|---|---|---|---|---|---|---|
| ਕੀਰਤਨ | ੧,੨,੩,੪ਅਤੇ ੫ | ਮੰਗਲਵਾਰ | ੪ | ੩੦ ਹਫ਼ਤੇ | ੩.੩੦-੪.੧੫ | ੧੦੫ ਪਾਉਂਡ (੩.੫੦ ਪਾਉਂਡ ਪ੍ਰਤੀ ਸੈਸ਼ਨ) |
| ਤਬਲਾ | ੧,੨,੩,੪ਅਤੇ ੫ | ਬੁੱਧਵਾਰ | ੨ | ੩੦ ਹਫ਼ਤੇ | ੩.੩੦-੪.੧੫ | ੧੦੫ ਪਾਉਂਡ (੩.੫੦ ਪਾਉਂਡ ਪ੍ਰਤੀ ਸੈਸ਼ਨ) |
| ਢੋਲ | ੨,੩,੪ਅਤੇ ੫ | ਵੀਰਵਾਰ | ੧ | ੩੦ ਹਫ਼ਤੇ | ੩.੩੦-੪.੧੫ | ੧੦੫ ਪਾਉਂਡ (੩.੫੦ ਪਾਉਂਡ ਪ੍ਰਤੀ ਸੈਸ਼ਨ) |
| ਖੇਡਾਂ | ੨,੩,੪ਅਤੇ ੫ | ਸੋਮਵਾਰ-ਪੰਜਵੀਂ ਜਮਾਤ<br>ਬੁੱਧਵਾਰ-ਦੂਜੀ ਜਮਾਤ<br>ਸ਼ੁਕਰਵਾਰ-ਚੌਥੀ ਜਮਾਤ | ੭<br>੨<br>੧੩ | ੩੦ ਹਫ਼ਤੇ | ੩.੩੦-੪.੧੫ | ੧੫੦ ਪਾਉਂਡ ਸਾਲਾਨਾ (੫ ਪਾਉਂਡ ਪ੍ਰਤੀ ਸੈਸ਼ਨ) ਤਿੰਨ ਕਿਸ਼ਤਾਂ ਵਿਚ ਉਪਲਬਧੀ ਦੀ ਚੋਣ: ੫੦ ਪਾਉਂਡ, ੫੦ ਪਾਉਂਡ, ੫੦ ਪਾਉਂਡ |

ਕਲੱਬ ਹਾਫ਼ ਟਰਮ ਤੋਂ ਬਾਅਦ (**ਸੋਮਵਾਰ ੩ ਨਵੰਬਰ ਤੋਂ ਸ਼ੁਰੂ ਹੁੰਦੇ ਹਫ਼ਤੇ ਤੋਂ**) ਅਰੰਭ ਹੋਣਗੇ।ਇਸ ਅਕਾਦਮਿਕ ਸਾਲ ਵਿਚ ਚਲਣ ਵਾਲੇ ਕਲੱਬਾਂ ਦੀ ਸੂਚੀ ਹੇਠਾਂ ਵੇਖਣੀ ਜੀ।ਸਾਰੇ ਕਲੱਬ ਸਾਰਾ ਸਾਲ ਚਲਣਗੇ **ਅਤੇ ੧੦ ਜੁਲਾਈ ੨੦੧੫ ਨੂੰ ਖ਼ਤਮ ਹੋਣਗੇ**। ਇਹ ਕੁਲ ੩੦ ਹਫ਼ਤੇ ਬਣਦੇ ਹਨ।ਆਪਣੇ ਬੱਚੇ ਨੂੰ ਕਲੱਬ ਵਿਚ ਰਜਿਸਟਰ ਕਰਵਾਓਣ ਲਈ ਸਕੂਲ ਦਫ਼ਤਰ ਵਿਚ ਬੀਬਾ ਕੌਰ ਨੂੰ **੨੪ ਅਕਤੂਬਰ ਤੱਕ ਮਿਲੋ ਜੀ।ਕਲੱਬ ਦੀਆਂ ਥਾਵਾਂ ਪਹਿਲਾਂ ਆਓ ਪਹਿਲਾਂ ਪਾਓ ਦੇ ਅਧਾਰ ਤੇ ਭਰੀਆਂ ਜਾਣਗੀਆਂ ਅਤੇ ਤੁਹਾਡੇ ਬੱਚੇ ਦੀ ਥਾਂ ਤਾਂ ਹੀ ਸੁਰਖਿਅਤ ਰਹੇਗੀ ਜੇਕਰ ਉਸਦਾ ਨਾਮ ਦਿੰਦੇ ਸਮੇਂ ਮਾਇਆ ਵੀ ਜਮ੍ਹਾਂ ਕਰਵਾਈ ਜਾਵੇਗੀ। ਮਾਇਆ ਜਮ੍ਹਾਂ ਕਰਵਾਏ ਬਿਨਾਂ ਕੋਈ ਥਾਂ ਨਹੀਂ ਦਿੱਤੀ ਜਾਵੇਗੀ।**

### ੨੦੧੫-੧੬ ਵਿਚ ਨਰਸਰੀ ਅਤੇ ਰਿਸੈਪਸ਼ਨ ਜਮਾਤਾਂ ਦੇ ਦਾਖ਼ਲੇ

੨੦੧੫-੧੬ ਵਿਚ ਨਰਸਰੀ ਅਤੇ ਰਿਸੈਪਸ਼ਨ ਜਮਾਤਾਂ ਦੇ ਦਾਖ਼ਲੇ ਲਈ ਜਿਹੜੇ ਮਾਪਿਆਂ ਨੇ ਅਰਜ਼ੀਆਂ ਦੇਣੀਆਂ ਹਨ ਉਹ ਹੁਣ ਦੇ ਸਕਦੇ ਹਨ।ਨਰਸਰੀ ਦੇ ਸਾਰੇ ਮਾਪਿਆਂ ਨੇ ਦੁਬਾਰਾ ਤੋਂ ਅਰਜ਼ੀਆਂ ਦੇਣੀਆਂ ਹਨ ।**ਕਿਰਪਾ ਕਰਕੇ ਨੋਟ ਕਰਨਾ ਕਿ ਮੌਜੂਦਾ ਨਰਸਰੀ ਦੇ ਬੱਚਿਆਂ ਦੀ ਰਿਸੈਪਸ਼ਨ ਜਮਾਤਾਂ ਵਿਚ ਦਾਖ਼ਲੇ ਦੀ ਗਰੰਟੀ ਨਹੀਂ ਹੈ**। **ਮੰਗਲਵਾਰ ੧੪ ਅਕਤੂਬਰ ਨੂੰ ਸਵੇਰੇ ੯ ਵਜੇ ਤੋਂ ਸਵੇਰੇ ੧੦ ਵਜੇ ਤੱਕ** ਖੁਲ੍ਹੀ ਸਵੇਰ ਹੋਵੇਗੀ। ਇਹ ਮੁਲਾਕਾਤ ਸਾਰੇ ਮਾਪਿਆਂ ਲਈ ਲਾਹੇਵੰਦ ਹੋਵੇਗੀ ਕਿਉਂਕਿ ਇਸ ਵਿਚ ਰਿਸੈਪਸ਼ਨ ਜਮਾਤਾਂ ਦੇ ਦਾਖ਼ਲੇ ਸੰਬੰਧੀ ਸਾਰੇ ਮਾਪਿਆਂ ਅਤੇ ਖ਼ਾਸ ਤੌਰ ਤੇ ਮੌਜੂਦਾ ਨਰਸਰੀ ਦੇ ਬੱਚਿਆਂ ਦੇ ਮਾਪਿਆਂ ਨੂੰ **ਰਿਸੈਪਸ਼ਨ** ਦੇ ਵਿਚ ਦਾਖ਼ਲਾ ਫਾਰਮ ਭਰਨ ਬਾਰੇ ਵਿਸ਼ੇਸ਼ ਅਤੇ ਮਹਤੱਵਪੂਰਨ ਜਾਣਕਾਰੀ ਦਿੱਤੀ ਜਾਵੇਗੀ ।ਨਰਸਰੀ ਦੇ ਸਾਰੇ ਬੱਚਿਆਂ ਦੇ ਮਾਪਿਆਂ ਦਾ ਇਸ ਮੁਲਾਕਾਤ ਵਿਚ ਆਉਣਾ ਲਾਜ਼ਮੀ ਹੈ।**ਵੀਰਵਾਰ ੧੫ ਜਨਵਰੀ** ਦੋਨਾਂ ਗਰੁਪਾਂ ਲਈ ਆਖ਼ਰੀ ਤਾਰੀਖ਼ ਹੈ।ਨਿਰਾਸ਼ਾ ਤੋਂ ਬਚਣ ਲਈ ਆਪ ਜੀ ਨੇ ਪੱਕਾ ਕਰਨਾ ਹੈ ਕਿ ਆਪ ਜੀ ਸਮੇਂ ਸਿਰ ਅਰਜ਼ੀਆਂ ਪੁਜਦੀਆਂ ਕਰਨਾ ਜੀ।ਵਧੇਰੇ ਜਾਣਕਾਰੀ ਲਈ ਦਫ਼ਤਰ ਵਿਚ ਬੀਬਾ ਕੌਰ ਨਾਲ ਸੰਪਰਕ ਕਰੋ ਜੀ।

### ਬਚਿੱਆਂ ਦੇ ਸੌਣ ਦਾ ਸਮਾਂ ਅਤੇ ਨਾਸ਼ਤਾ

ਕੁਝ ਬੱਚੇ ਸਕੂਲ ਵਿਚ ਥੱਕੇ-ਥੱਕੇ ਅਤੇ ਕਮਜ਼ੋਰ ਜਿਹੇ (ਸਿਰ ਦਰਦ ਅਤੇ ਪੇਟ ਦਰਦ ਦੀ ਸ਼ਿਕਾਇਤ ਕਰਦੇ ਹੋਏ ) ਆਉਂਦੇ ਹਨ। ਅਸੀਂ ਮਾਪਿਆਂ ਨੂੰ ਯਾਦ ਦਿਵਾਉਣਾ ਚਾਹੁੰਦੇ ਹਾਂ ਕਿ ਕਿਰਪਾ ਕਰਕੇ ਪੱਕਾ ਕਰਨਾ ਕਿ ਤੁਹਾਡੇ ਬੱਚੇ ਜਲਦੀ ਸੌਣ ਅਤੇ ਪੂਰੀ ਨੀਂਦ ਲੈਣ।ਸਵੇਰ ਦੇ ਸਮੇਂ ਸਕੂਲ ਆਉਣ ਤੋਂ ਪਹਿਲਾਂ ਨਾਸ਼ਤਾ ਕਰਨਾ ਵੀ ਬਰਾਬਰ ਹੀ ਜ਼ਰੂਰੀ ਹੈ, ਤਾਂ ਜੋ ਬੱਚੇ ਆਪਣਾ ਧਿਆਨ ਪੜਾਈ ਉੱਤੇ ਪੂਰੀ ਤਰ੍ਹਾਂ ਕੇਂਦਰਿਤ ਕਰ ਸਕਣ।

### KS2 ( ਤੀਜੀ ਤੋਂ ਪੰਜਵੀਂ ਜਮਾਤਾਂ)ਮਾਪਿਆਂ ਲਈ ਬੋਲਚਾਲ ਅਤੇ ਭਾਸ਼ਾ ਦੀ ਵਰਕਸ਼ਾਪ

ਸ਼ੁਕਰਵਾਰ ੧੭ ਅਕਤੂਬਰ ਨੂੰ ਸਵੇਰੇ ੮.੪੫ ਤੋਂ ੧੦.੦੦ ਵਜੇ ਤੱਕ ਸਕੂਲ ਦੇ ਛੋਟੇ ਹਾਲ ਵਿਚ ਮਾਪਿਆਂ ਲਈ ਭਾਸ਼ਾ ਅਤੇ ਬੋਲਚਾਲ ਬਾਰੇ ਇਕ ਵਰਕਸ਼ਾਪ ਹੋਵੇਗੀ।ਸਕੂਲ ਦੀ ਭਾਸ਼ਾ ਅਤੇ ਬੋਲਚਾਲ ਵਿਸ਼ੇਸ਼ਗ ਕਲੇਅਰ ਮਿਨਟਨ ਮਾਪਿਆਂ ਨਾਲ ਇਸ ਵਿਸ਼ੇ ਤੇ ਗਲਬਾਤ ਕਰਨਗੇ ਕਿ ਉਹ ਆਪਣੇ ਬਚਿੱਆਂ ਦੀ ਭਾਸ਼ਾ ਦਾ ਵਿਕਾਸ ਕਿਵੇਂ ਕਰ ਸਕਦੇ ਹਨ।ਕਿਰਪਾ ਕਰਕੇ ਇਸ ਮੌਕੇ ਦਾ ਲਾਭ ਉਠਾ ਕੇ ਜਾਣਕਾਰੀ ਹਾਸਿਲ ਕਰਨੀ ਕਿ ਉਪ ਜੀ ਆਪਣੇ ਬੱਚੇ ਦੀ ਭਾਸ਼ਾ ਦੇ ਵਿਕਾਸ ਵਿਚ ਕਿਵੇਂ ਹਿੱਸਾ ਪਾ ਸਕਦੇ ਹੋ।

### ਸਕੂਲ ਦਫ਼ਤਰ ਅਤੇ ਗੇਟ ਦਾ ਸਮਾਂ

ਕਿਰਪਾ ਕਰਕੇ ਨੋਟ ਕਰਨਾ ਕਿ ਸਕੂਲ ਗੇਟ ਦਾ ਸਮਾਂ ਹੇਠ ਲਿਖੇ ਅਨੁਸਾਰ ਹੈ:

**ਸਵੇਰੇ ੮.੨੦-੮.੪੦** **ਦੁਪਿਹਰ ੩.੧੦-੩.੪੦**

ਕਿਰਪਾ ਕਰਕੇ ੮.੩੫ ਤੱਕ ਸਕੂਲ ਦੇ ਵਿਹੜੇ ਵਿਚ ਉਡੀਕ ਕਰਨੀ ਜੀ ਜਦੋਂ ਤੱਕ ਕਿ ਤੁਹਾਡੇ ਬੱਚੇ ਦੀ ਜਮਾਤ ਦਾ ਦਰਵਾਜ਼ਾ ਖੁਲਦਾ ਹੈ।ਮਾਪੇ /ਦੇਖਭਾਲ ਕਰਤਾ/ ਬੱਚੇ ੮.੩੫ ਤੋਂ ਪਹਿਲਾਂ ਦਫ਼ਤਰ ਦੇ ਹਿੱਸੇ ਵਿਚ ਨਹੀਂ ਆਉਣੇ ਚਾਹੀਦੇ ।ਜੇਕਰ ਤੁਸੀਂ ਦਫ਼ਤਰ ਸਟਾਫ਼ ਨਾਲ ਗੱਲ ਕਰਨੀ ਹੋਵੇ ਤਾਂ ਦਫ਼ਤਰ ਦਾ ਦਰਵਾਜ਼ਾ ਮਾਪਿਆਂ ਲਈ ੮.੩੦ ਤੇ ਖੁਲਦਾ ਹੈ।
ਹੈਰੀਸਨ ਦੇ ਧਨ ਦੇ ਬਕਸੇ ਦੇ ਕੋਲ ਬਚਿੱਆਂ ਦੇ ਭੋਜਨ ਦੀ ਰਾਸ਼ੀ ਜਮ੍ਹਾਂ ਕਰਵਾਉਣ ਲਈ ਇਕ ਮੇਜ਼ ਹੈ ਅਤੇ ਜਿਥੇ ਕਿ ਮੌਰੀਸਨ ਦੇ ਵਾਊਚਰ ਜਮ੍ਹਾਂ ਕਰਵਾਏ ਜਾ ਸਕਦੇ ਹਨ,ਇਸ ਲਈ ਸਕੂਲ ਦਫ਼ਤਰ ਤੱਕ ਜਾਣ ਦੀ ਲੋੜ ਨਹੀਂ ਹੋਵੇਗੀ।

### ਇਸ ਹਫ਼ਤੇ ਦਾ ਵਿਚਾਰ

"ਜਦੋਂ ਤੁਸੀਂ ਸਚਾਈ ਅਤੇ ਸਵੈ-ਅਨੁਸ਼ਾਸਨ ਅਨੁਸਾਰ ਕੰਮ ਕਰੋਗੇ ਤਾਂ ਤੁਹਾਡਾ ਮਨ ਅਨੰਦ ਅਤੇ ਪ੍ਰਸੰਨਤਾ ਨਾਲ ਭਰ ਜਾਵੇਗਾ।"

ਗੁਰੂ ਗੋਬਿੰਦ ਸਿੰਘ ਜੀ

### ਹਾਜ਼ਰੀ



੧੦.੧੦.੧੩ ਨੂੰ ਸਮਾਪਤ ਹੋਏ ਹਫ਼ਤੇ ਬਿਹਤਰੀਨ ਹਾਜ਼ਰੀ ਲਈ **ਗੁਰੂ ਅਰਜਨ ਦੇਵ ਜੀ ਜਮਾਤ** ਨੂੰ ਸ਼ਾਬਾਸ਼ ਹੈ।

### ਤੁਹਾਡੀ ਡਾਇਰੀ ਲਈ ਤਾਰੀਖ਼ਾਂ




| ਤਾਰੀਖ਼ | ਮਹਤਵ |
|---|---|
| ੧੩ ਅਕਤੂਬਰ ਤੋਂ ਅਰੰਭ ਹੁੰਦਾ ਹਫ਼ਤਾ | ਬਲੈਕ ਹਿਸਟਰੀ ਹਫ਼ਤਾ |
| ਮੰਗਲਵਾਰ ੧੪ ਅਕਤੂਬਰ | ਨਵੇਂ ਦਾਖ਼ਲੇ ੨੦੧੫-੧੬ ਵਾਸਤੇ ਨਰਸਰੀ ਅਤੇ ਰਿਸੈਪਸ਼ਨ ਦੇ ਬਚਿਆਂ ਲਈ "ਖੁਲ੍ਹਾ ਦਿਨ" |
| ਸ਼ੁਕਰਵਾਰ ੧੭ ਅਕਤੂਬਰ | ਗੁਰੂ ਰਾਮਦਾਸ ਜੀ -ਮਿਸਿਜ਼ ਭਾਗਰਥ ਦੀ ਤੀਜੀ ਜਮਾਤ ਦੀ ਜਮਾਤੀ ਸਭਾ |
| ਸ਼ੁਕਰਵਾਰ ੧੭ ਅਕਤੂਬਰ | ਰਿਸੈਪਸ਼ਨ ਜਮਾਤਾਂ ਦੀ ਹੈਵੇਲੌਕ ਰੋਡ ਗੁਰਦੁਆਰਾ ਸਾਹਿਬ ਦੇ ਦਰਸ਼ਨ |
| ਵੀਰਵਾਰ ੨੩ ਅਕਤੂਬਰ | ਸਕੂਲ ਨਰਸ ਦੀ ਸਕੂਲ ਫੇਰੀ |
| ਵੀਰਵਾਰ ੨੩ ਅਕਤੂਬਰ | ਦੂਜੀ ਜਮਾਤ ਦੀ ਸਾਊਥ ਬੈਂਕ ਦੀ ਫੇਰੀ |
| ਵੀਰਵਾਰ ੨੩ ਅਕਤੂਬਰ | ਬੰਦੀ ਛੋੜ ਦਿਵਸ |
| ਸ਼ੁਕਰਵਾਰ ੨੪ ਅਕਤੂਬਰ ੨੦੧੪ | ਬੰਦੀ ਛੋੜ ਦਿਵਸ ਦੇ ਸਮਾਗਮ |
| ਸ਼ੁਕਰਵਾਰ ੨੪ ਅਕਤੂਬਰ ੨੦੧੪ | ਗੁਰੂ ਅਮਰਦਾਸ ਜੀ -ਮਿਸਿਜ਼ ਲਗਾਹ ਦੀ ਤੀਜੀ ਜਮਾਤ ਦੀ ਜਮਾਤੀ ਸਭਾ |
| ਐਤਵਾਰ ੨੬ ਅਕਤੂਬਰ | ਨਗਰ ਕੀਰਤਨ |
| ਸੋਮਵਾਰ ੨੭ ਅਕਤੂਬਰ ਤੋਂ ਸ਼ੁਕਰਵਾਰ ੩੧ ਅਕਤੂਬਰ ਤੱਕ | ਹਾਫ਼ ਟਰਮ |

### ਸੁਨਿਹਰੀ ਅਸੂਲ

ਇਸ ਹਫ਼ਤੇ ਦਾ ਸੁਨਿਹਰੀ ਅਸੂਲ **ਵੰਡ ਛਕਣਾ** ਹੈ। ਬੱਚੇ ਜਿਨ੍ਹਾਂ ਨੂੰ ੧੦/੧੦/੨੦੧੪ ਨੂੰ ਸਮਾਪਤ ਹੋਏ ਹਫ਼ੇ **ਕਿਰਤ ਕਰਨੀ** ਲਈ ਸਤਿਕਾਰਤ ਕੀਤਾ ਜਾਂਦਾ ਹੈ:

**ਪੰਜਵੀ ਜਮਾਤ:**
ਗੁਰੂ ਹਰ ਕ੍ਰਿਸ਼ਨ ਸਾਹਿਬ ਜੀ - ਮਨਿੰਦਰ
ਗੁਰੂ ਹਰ ਰਾਏ ਸਾਹਿਬ ਜੀ - ਮਨਰਾਜ

**ਚੋਥੀ ਜਮਾਤ:**
ਗੁਰੂ ਹਰਗੋਬਿੰਦ ਸਾਹਿਬ ਜੀ - ਜਸਮਨ
ਗੁਰੂ ਅਰਜਨ ਦੇਵ ਜੀ - ਅੰਸ਼ਪ੍ਰੀਤ

**ਤੀਜੀ ਜਮਾਤ:**
ਗੁਰੂ ਰਾਮਦਾਸ ਜੀ - ਸਿਮਰਨਜੀਤ
ਗੁਰੂ ਅਮਰਦਾਸ ਜੀ - ਈਮਾਨ

**ਦੂਜੀ ਜਮਾਤ:**
ਗੁਰੂ ਨਾਨਕ ਦੇਵ ਜੀ - ਕਵਨੀਤ
ਗੁਰੂ ਅੰਗਦ ਦੇਵ ਜੀ - ਅਪੂਰਵਾਸ਼ੂ

**ਪਹਿਲੀ ਜਮਾਤ:**
ਸ਼ਾਹਿਬਜ਼ਾਦਾ ਅਜੀਤ ਸਿੰਘ ਜੀ - ਪ੍ਰਿਆਪ੍ਰੀਤ
ਸ਼ਾਹਿਬਜ਼ਾਦਾ ਜੁਝਾਰ ਸਿੰਘ ਜੀ - ਬਨਵੀਰ

**ਰਿਸੈਪਸ਼ਨ**
ਸਾਹਿਬਜ਼ਾਦਾ ਫ਼ਤਿਹ ਸਿੰਘ ਜੀ ਜਮਾਤ - ਸਿਮਰਨ
ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ ਜਮਾਤ - ਮਨਵੀਰ





**Khalsa Primary School - Norwood Green Road, Southall, Middlesex, UB2 4LA.**
**Phone:** 020 8574 9045; **Fax:** 020 8574 0108; **E-mail:** info@khalsa.ealing.sch.uk; **Website:** www.khalsaschool.co.uk